# ਜਦੋਂ ਸਾਡੇ ਵਿਚਕਾਰ ਭਾ ਜੀ ਨਹੀਂ ਰਹੇ ਤਾਂ...?

*—ਨਿਰਮਲ*

ਅੱਜ ਸਾਡੇ ਵਿਚਕਾਰ ਭਾ ਜੀ ਨਹੀਂ ਰਹੇ। ਇਸ ਦਾ ਇਕ ਵੱਡਾ ਘਾਟਾ ਪੈਣ ਦੇ ਬਾਵਜੂਦ ਉਹ ਇਕ ਲੰਬੀ ਇਨਕਾਰੀ ਜੱਦੋਜਹਿਦ ਭਰੀ ਜ਼ਿੰਦਗੀ ਰਾਹੀਂ ਸਾਨੂੰ ਅਮੀਰ ਖ਼ਜ਼ਾਨਾ ਦੇ ਗਏ ਹਨ, ਜਿਸ ਨੂੰ ਹੋਰ ਅਮੀਰ ਬਣਾਉਣ ਦਾ ਸਵਾਲ ਸਾਹਮਣੇ ਖੜਾ ਹੈ।

ਇਸ ਵਿਚ ਕੋਈ ਸ਼ੱਕ ਨਹੀ ਕਿ ਲੁਟੇਰਾ ਵਰਗ ਆਪਣੇ ਲੁਟੇਰੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਕਿਸੇ ਵੀ ਸਮੇਂ ਨਾਲੋਂ ਵੱਧ ਉਹ ਆਪਣੇ ਸਰਮਾਏਦਾਰਾਨਾ ਸਭਿਆਚਾਰ ਨੂੰ ਅੱਗੇ ਵਧਾਉਣ ਦੇ ਅੰਗ ਵਜੋਂ ਆਪਣੇ ਕਲਾਕਾਰਾਂ ਨੂੰ ਰਾਤ-ਦਿਨ ਲੋਕਾਂ ਦੇ ਦਿਮਾਗ਼ਾਂ 'ਚ 'ਹੀਰੋਆਂ' ਵਾਂਗ ਬਿਠਾ ਰਿਹਾ ਹੈ ਅਤੇ ਸਾਡੇ ਇਨਕਲਾਬੀ ਕਲਾਕਾਰਾਂ ਉੱਪਰ ਵੱਖੋ-ਵੱਖਰੇ ਢੰਗਾਂ ਨਾਲ ਹਮਲੇ ਕਰ ਰਿਹਾ ਹੈ। ਇਸ ਤੋਂ ਉਲਟ ਸਾਡਾ ਵੀ ਇਕ ਮਹੱਤਵਪੂਰਨ ਕਾਰਜ ਹੈ ਕਿ ਸਿਰਫ਼ ਵਿਅਕਤੀਗਤ ਵਜੋਂ ਨਹੀਂ, ਸਗੋਂ ਮਜ਼ਦੂਰ ਜਮਾਤ ਦੀ ਵਿਚਾਰਧਾਰਾ ਤੇ ਸਿਆਸਤ ਦੇ ਅਮਲ ਵਜੋਂ ਭਾ ਜੀ ਦੀਆਂ ਵਡਮੁੱਲੀਆਂ ਕੋਸ਼ਿਸ਼ਾਂ ਨੂੰ ਵਿਗਿਆਨਕ ਢੰਗ ਨਾਲ ਸਥਾਪਤ ਕਰੀਏ। ਜਰਾ ਬਾਦਲ ਤੇ ਉਸ ਦੇ ਪੁੱਤਰ ਦਾ ਗੁਰਸ਼ਰਨ ਜੀ ਦੀ ਮੌਤ ਉਪਰ ਬਿਆਨ ਪੜ੍ਹੋ, ਜੋ ਗੁਰਸ਼ਰਨ ਜੀ ਉਪਰ ਹਮਲਾ ਹੈ। ਬਿਆਨ ਦਾ ਤੱਤ ਹੈ ਕਿ ਉਹ ਇਕ ਨਿਰਪੱਖ ਸੁਧਾਰਵਾਦੀ ਸੰਸਥਾ ਵਜੋਂ ਸਨ।

ਸਭਿਆਚਾਰ ਵਿਚਾਰਧਾਰਕ ਸਿਆਸੀ ਲਹਿਰ ਦਾ ਅਟੁੱਟ ਅੰਗ ਹੈ। ਜਿਨ੍ਹਾਂ ਉਤਰਾਵਾਂ-ਚੜ੍ਹਾਵਾਂ 'ਚੋਂ ਕੋਈ ਵਿਚਾਰਧਾਰਕ ਸਿਆਸੀ ਲਹਿਰ ਗੁਜ਼ਰ ਰਹੀ ਹੁੰਦੀ ਹੈ, ਉਨ੍ਹਾਂ ਹੀ ਉਤਰਾਵਾਂ-ਚੜ੍ਹਾਵਾਂ 'ਚੋਂ ਇਹ ਗੁਜ਼ਰ ਰਿਹਾ ਹੁੰਦਾ ਹੈ, ਕਿਉਂਕਿ ਵਿਚਾਰਧਾਰਾ ਆਧਾਰ 'ਤੇ ਸਿਆਸਤ ਇਸ ਦੀ ਕਮਾਂਡਰ ਹੁੰਦੀ ਹੈ। ਭਾ ਜੀ ਇਸ ਤੋਂ ਬਾਖ਼ੂਬੀ ਵਾਕਫ਼ ਸਨ। ਜਿਨ੍ਹਾਂ ਨੇ ਮਾਰਕਸਵਾਦੀ ਜਮਾਤੀ ਨਜ਼ਰੀਏ 'ਤੇ ਪੈਹਰਾ ਦਿੰਦਿਆਂ ਉਨ੍ਹਾਂ ਦਾ ਟਾਕਰਾ ਕੀਤਾ, ਜੋ ਇਕ ਅਖੌਤੀ ਸਭਿਆਚਾਰ ਦੇ ਨੁਕਤਾ ਨਜ਼ਰ ਤੋਂ ਉਸ ਦੀ ਪੜਚੋਲ ਕਰਦੇ ਹੋਏ ਪ੍ਰੋਗਰਾਮਾਂ ਨੂੰ ਨਾਹਰੇਬਾਜ਼ੀ ਦੱਸਦੇ ਸਨ, ਜਿਸ ਸੰਬੰਧੀ ਕਾ. ਲੈਨਿਨ ਕਿਹਾ ਸੀ—"ਨਿਰਪੱਖ ਲੇਖਕ ਮੁਰਦਾਬਾਦ! ਸਾਹਿਤਕ

ਮਹਾਂ ਪੁਰਸ਼ ਮੁਰਦਾਬਾਦ !!" ਭਾ ਜੀ ਨੇ ਇਸ ਗੱਲ ਦੀ ਜ਼ੋਰਦਾਰ ਵਕਾਲਤ ਕੀਤੀ ਸੀ ਕਿ ਮੈਂ ਸਿਰਫ਼ ਨਾਟਕਾਂ ਲਈ ਨਾਟਕ ਨਹੀਂ ਲਿਖਦਾ, ਨਾ ਹੀ ਕਲਾ ਕਲਾਕਾਰੀ ਕਰਨ ਦਾ ਹਾਮੀ ਹਾਂ, ਭਾ ਜੀ ਨੇ ਇਸ ਗੱਲ ਨੂੰ ਸਪੱਸ਼ਟ ਰੂਪ 'ਚ ਉਭਾਰਿਆ ਕਿ ਸ਼ੁਰੂ 'ਚ ਮੈਂ ਪ੍ਰੇਰਨਾ ਗੁਰੂ ਨਾਨਕ ਦੇਵ ਜੀ ਕੋਲੋਂ ਲਈ, ਪਰ ਜਮਾਤੀ ਵਿਸ਼ਲੇਸ਼ਣ ਦਾ ਹਥਿਆਰ ਮੈਨੂੰ ਮਾਰਕਸਵਾਦ ਹੀ ਦੇ ਸਕਦਾ ਸੀ। ਜਿਸ ਸਿਰ 'ਤੇ ਉਨ੍ਹਾਂ ਇਸ ਸਵਾਲ ਨੂੰ ਹੱਲ ਕੀਤਾ ਕਿ ਨਾਟਕ, ਸਾਹਿਤ ਤੇ ਕਲਾ ਕਾਹਦੇ ਲਈ ਹੋਣ ? ਕਿਸ ਦੀ ਸੇਵਾ ਕਰਨ ? ਇਸੇ ਕਰਕੇ ਉਹ ਸਮਾਜ ਨੂੰ ਦੋ ਵਿਰੋਧੀ ਹਿੱਸਿਆਂ 'ਚ ਵੰਡਿਆ ਦੇਖ ਸਕੇ। ਇਕ ਪਾਸੇ ਮਿਹਨਤਕਸ਼, ਗਰੀਬ ਲੁੱਟ ਹੋ ਰਹੇ ਸਨ, ਜਬਰ ਸਹਿ ਰਹੇ ਹਨ ਤੇ ਦੂਜੇ ਪਾਸੇ ਲੁਟੇਰੇ ਲੁੱਟ ਰਹੇ ਹਨ ਤੇ ਜਾਬਰ ਜਬਰ ਕਰ ਰਹੇ ਹਨ। ਉਨ੍ਹਾਂ ਸਪੱਸ਼ਟ ਰੂਪ 'ਚ ਲੁਟੇਰਿਆਂ ਤੇ ਜਾਬਰਾਂ ਖ਼ਿਲਾਫ਼ ਮਿਹਨਤੀ ਲੋਕਾਂ ਦੇ ਪੱਖ 'ਚ ਮੋਰਚਾ ਮੱਲਿਆ। ਉਨ੍ਹਾਂ ਦੀ ਸੋਚ ਸੀ ਕਿ ਇਨਕਲਾਬੀ ਸਭਿਆਚਾਰ ਵਰਤਮਾਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਭਵਿੱਖ ਦੇ ਨੁਕਤੇ ਨਜ਼ਰ ਤੋਂ ਹੋਣਾ ਚਾਹੀਦਾ ਹੈਲ ਭਵਿੱਖ ਦਾ ਨੁਕਰਾ ਨਜ਼ਰ ਕਹਿਣ ਦਾ ਭਾਵ ਅਜਿਹੇ ਸਮਾਜ ਦੀ ਸਿਰਜਣਾ ਜਿਸ 'ਚ ਲੁੱਟ ਖਸੁੱਟ ਖ਼ਤਮ ਹੋਵੇ, ਬਰਾਬਰਤਾ ਹੋਵੇ, ਨਿੱਜੀ ਜਾਇਦਾਦ ਅਤੇ ਜਮਾਤ ਦਾ ਖ਼ਾਤਮਾ ਹੋਵੇ। ਉਹ ਇਨਕਲਾਬੀ ਜਮਾਤਾਂ ਨੂੰ ਸਮਝਦੇ ਸਨ, ਜੋ ਆਪਣੇ ਜਮਾਤੀ ਖ਼ਾਤਮੇ ਲਈ ਲੜ ਰਹੀ ਹੈ। ਇਸ ਨੁਕਤਾ ਨਜ਼ਰ ਤੋਂ ਵਿਕਸਿਤ ਕੀਤੇ ਜਾਣ ਵਾਲਾ ਸਭਿਆਚਾਰ ਹੀ ਸਾਮਰਾਜ, ਸਰਮਾਏਦਾਰੀ ਤੇ ਜਾਗੀਰੂ ਕਦਰਾਂ-ਕੀਮਤਾਂ ਵਿਰੁੱਧ ਲੜ ਸਕਦਾ ਹੈ ਤੇ ਮੁਤਬਾਦਲ ਪੇਸ਼ ਕਰ ਸਕਦਾ ਹੈ। ਇਸ ਲਈ ਪਿੰਡਾਂ 'ਚ ਮਜ਼ਦੂਰਾਂ ਦੇ ਵਿਹੜੇ, ਕਿਸਾਨਾਂ ਦੀਆਂ ਸੱਥਾਂ ਤੇ ਸਨਅਤੀ ਮਜ਼ਦੂਰਾਂ ਦੀਆਂ ਬਸਤੀਆਂ ਉਨ੍ਹਾਂ ਲਈ ਖਿੱਚ ਦਾ ਕੇਂਦਰ ਬਣੀਆਂ ਰਹੀਆਂ। ਇਸੇ ਲਈ ਜਦੋਂ ਲੁਧਿਆਣੇ ਮੁੱਲਾਂਪੁਰ ਵਾਲੀ ਟੀਮ ਨੇ 'ਲੋਹੇ ਦੀ ਭੱਠੀ' ਨਾਟਕ ਖੇਡਿਆ ਤਾਂ ਭਾ ਜੀ ਅੱਛ-ਅੱਛ ਕਰ ਉੱਠੇ। ਉਨ੍ਹਾਂ ਲਈ ਉਦਾਸੀ ਦਾ 'ਕੰਮੀਆਂ ਦਾ ਵਿਹੜਾ' ਗੀਤ ਕੌਮਾਂਤਰੀ ਗੀਤ ਵਾਂਗੂੰ ਸੀ। ਪਿੰਡਾਂ ਤੇ ਸ਼ਹਿਰਾਂ 'ਚ ਮਜ਼ਦੂਰਾਂ ਲਈ ਪੱਲਿਓਂ ਖਰਚ ਕਰਕੇ ਵੀ ਪ੍ਰੋਗਰਾਮ ਕਰਦੇ ਰਹੇ। ਇਹ ਵੱਖਰੀ ਗੱਲ ਹੈ ਕਿ ਇਨਕਲਾਬੀ ਲਹਿਰ ਸਾਹਮਣੇ ਖੜੀਆਂ ਸਮੱਸਿਆਵਾਂ ਜਾਂ ਜੋ ਪੱਧਰ ਲਹਿਰ ਦੀ ਹੁੰਦੀ ਹੈ, ਉਸ ਨਾਲੋਂ ਟੁੱਟ ਕੇ ਕਿਸੇ ਇਨਕਲਾਬੀ ਰੰਗਕਰਮੀਆਂ ਦੀਆਂ ਕਲਾ ਕਿਰਤਾਂ ਦਾ ਵਿਸ਼ਲੇਸ਼ਣ ਕਰਨਾ ਮਾਰਕਸੀ ਵਿਸ਼ਲੇਸ਼ਣ ਨਹੀਂ ਹੋ ਸਕਦਾ। ਉਹ ਭਵਿੱਖ ਦੇ ਨੁਕਤਾ ਨਜ਼ਰ ਤੋਂ ਹੀ ਨੌਜੁਆਨੀ ਤੋਂ ਵੱਧ ਜ਼ੋਰ ਦਿੰਦੇ ਸਨ।

ਮਾਰਕਸਵਾਦੀਆਂ ਲਈ ਮੂਲ ਨੁਕਤਾ ਹੈ ਲੋਕਾਂ ਨੂੰ ਸਮਝਣਾ ਅਤੇ ਲੋਕਾਂ ਨੂੰ ਚੰਗੀ ਤਰ੍ਹਾਂ ਜਾਨਣਾ। ਜਿਸ ਆਧਾਰ 'ਤੇ ਹੀ ਉਨ੍ਹਾਂ ਲੋਕਾਂ ਨਾਲ ਘੁਲਣਾ-ਮਿਲਣਾ ਤੇ ਲੋਕਾਂ ਨੂੰ ਅੱਗੇ ਲਿਜਾਣ ਲਈ ਸਮਝਾਉਣਾ ਹੁੰਦਾ ਹੈ। ਇਸ ਦਾ ਅਰਥ ਹੈ ਕਿ ਸਭਿਆਚਾਰਕ ਕਾਰਕੁੰਨ ਸਮਝਣ ਕਿ 'ਚੀਜ਼ਾਂ ਬਾਰੇ ਲੋਕਾਂ ਦੀਆਂ ਭਾਵਨਾਵਾਂ ਕੀ

ਹਨ ? ਉਹ ਸੰਸਾਰ ਨੂੰ ਕਿਵੇਂ ਦੇਖਦੇ ਹਨ ? ਉਨ੍ਹਾਂ ਨੂੰ ਲੋਕਾਂ ਦੀ ਜਾਨਦਾਰ ਬੋਲੀ ਸਿੱਖਣੀ ਪੈਂਦੀ ਹੈ, ਲੋਕਾਂ ਵੱਲੋਂ ਰਚੇ ਗੀਤ, ਸੰਗੀਤ ਤੇ ਨਾਚ ਗਾਣਿਆਂ ਆਦਿ ਨੂੰ ਖ਼ਾਸ ਕਰਕੇ ਜਿਵੇਂ-ਜਿਵੇਂ ਉਨ੍ਹਾਂ ਦੀ ਜੱਦੋਜਹਿਦ ਵਿਕਸਿਤ ਹੁੰਦੀ ਹੈ। ਸਿੱਖਣਾ ਤੇ ਉਨ੍ਹਾਂ ਦਾ ਅਗਾਂਹ ਵਿਕਾਸ ਪੈਣਾ ਹੈ।" ਇਸ ਮੂਲ ਕਾਰਜ ਦੇ ਆਧਾਰ 'ਤੇ ਉਹ ਆਪਣਾ ਬੁਨਿਆਦੀ ਕਾਰਜ ਕਰ ਸਕਦੇ ਹਨ। ਇਹ ਬੁਨਿਆਦੀ ਕਾਰਜ ਹੈ, ਕਿਸ ਦੀ ਪ੍ਰਸੰਸਾ ਕਰਨੀ ਹੈ ਤੇ ਕਿਸ ਦਾ ਪਰਦਾ-ਚਾਕ ਕਰਨਾ ਹੈ ? ਅਤੇ ਕਿਵੇਂ ਕਰਨਾ ਹੈ ? ਜਦੋਂ ਅਸੀਂ ਭਾ ਜੀ ਨੂੰ ਦੇਖਦੇ ਹਾਂ ਕਿ ਉਹ ਕਿਹ ਜਿਹੇ ਪਰਿਵਾਰ 'ਚੋਂ ਮਜ਼ਦੂਰ ਵਿਹੜਿਆਂ 'ਚ ਗਏ। ਉਨ੍ਹਾਂ ਕਿਹੋ ਜਿਹੇ ਪਾਤਰ ਲਏ। ਕਿਹੋ ਜਿਹੇ ਪਾਤਰ ਲੈ ਕੇ ਉਨ੍ਹਾਂ ਨੂੰ ਨਾਇਕ ਬਣਾਇਆ ਅਤੇ ਲੁਟੇਰੀਆਂ 'ਜਮਾਤਾਂ ਤੇ ਉਨ੍ਹਾਂ ਦੇ ਸਿਆਸੀ ਚੌਧਰੀਆਂ ਨੂੰ ਖਲਨਾਇਕ ਬਣਾਉਂਦਿਆਂ ਉਨ੍ਹਾਂ ਦਾ ਜਲੂਸ ਕੱਢਿਆ। ਲੋਕਾਂ 'ਚੋਂ ਠੇਠ ਬੋਲੀ, ਤਖਲਸ, ਟਿੱਚਰਾਂ, ਮਖ਼ੌਲ, ਰਹਿਣੀ-ਬਹਿਣੀ ਤਕ ਨੂੰ ਹੀ ਨਹੀਂ ਲਿਆ ਸਗੋਂ ਸਟੇਜਾਂ ਤਕ ਨੂੰ ਵੀ ਲੋਕਾਂ 'ਚ ਲੈਂਦਿਆਂ ਸੱਥਾਂ 'ਚੋਂ ਥੜ੍ਹੇ ਤੇ ਗੱਡੇ ਤਕ ਨੂੰ ਸਟੇਜਾਂ ਵਜੋਂ ਉਭਾਰਿਆ। ਇਕ ਖ਼ਾਸ ਸਭਿਆਚਾਰ ਦੀ ਵੰਨਗੀ ਨਾਟਕ ਨੂੰ ਚੁਣਿਆ ਤੇ ਉਸ ਨੂੰ ਉੱਚ ਪੱਧਰ 'ਤੇ ਵਿਕਸਿਤ ਕੀਤਾ। ਡਰਾਮਿਆਂ ਦਾ ਮਲਤਬ ਸਹਿਜ ਡਰਾਮੇ ਨਹੀਂ ਰਹਿਣ ਦਿੱਤਾ, ਸਗੋਂ ਇਨਕਲਾਬੀ ਸਤਿਕਾਰ ਨਾਲ ਭਰ ਦਿੱਤਾ। ਪਾਤਰਾਂ ਦੀ ਉਸਾਰੀ ਸਮੇਂ ਸਹਿਜ ਹਕੀਕੀ ਜ਼ਿੰਦਗੀ ਨੂੰ ਹੀ ਨਹੀਂ ਲਿਆ, ਸਗੋਂ ਇਸ ਨੂੰ ਐਸਾ ਵੰਨਗੀਦਾਰ ਤੇ ਰੂਪ 'ਚ ਲਿਆ ਕਿ ਅਸਲ 'ਚ ਇਸ ਪਾਤਰ ਤੋਂ ਵੱਧ ਤੋਂ ਵੱਧ ਲੋਕਾਂ ਨੂੰ ਕੀ ਦਿੱਤਾ ਜਾ ਸਕਦਾ ਹੈ। ਉਸ ਨੂੰ ਕਲਾਤਮਕ ਤੌਰ 'ਤੇ ਪੇਸ਼ ਕੀਤਾ ਗਿਆ। ਇਸ ਨੂੰ 'ਭੰਡ ਮਟਕਾ ਚੌਂਕ ਆਏ' ਰਾਹੀਂ ਵੀ ਦੇਖਿਆ ਜਾ ਸਕਦਾ ਹੈ। ਜਿਸ ਰੂਪ 'ਚ ਇਨ੍ਹਾਂ ਦੇ ਆਪਸੀ ਵਿਰੋਧ ਨੂੰ ਨੰਗਾ ਕੀਤਾ ਗਿਆ ਭਾਵ ਲੋਕ ਇਨ੍ਹਾਂ ਦੇ ਆਪਸੀ ਵਿਰੋਧਾਂ ਦੇ ਤੱਤ ਨੂੰ ਸਮਝ ਸਕਣ।

ਕਿਸੇ ਇਨਕਲਾਬੀ ਕਲਾਕਾਰ ਲਈ ਵਿਚਾਰਧਾਰਕ ਸਿਆਸੀ ਸਿੱਖਿਆ ਤੇ ਮੁਹਾਰਤ ਕਿੰਨੀ ਜ਼ਰੂਰੀ ਹੈ। ਉਸ ਨੂੰ ਗੁਰਸ਼ਰਨ ਸਿੰਘ ਦੀ ਜ਼ਿੰਦਗੀ ਹਰ ਮੋੜ 'ਤੇ ਉਸ ਦੀਆਂ ਕਲਾ-ਕਿਰਤਾਂ 'ਚੋਂ ਦੇਖਿਆ ਜਾ ਸਕਦਾ ਹੈ। ਨਹੀਂ ਤਾਂ ਕੋਈ ਕਲਾਕਾਰ ਸਰਮਾਏਦਾਰੀ ਦੀ ਘੁੰਮਣਘੇਰੀ 'ਚੋਂ ਨਿਕਲ ਨਹੀਂ ਸਕਦਾ, ਫਸ ਤਾਂ ਸਕਦਾ ਹੈ। ਉਨ੍ਹਾਂ ਸਦਾ ਲੋਕਾਂ ਦੀ ਮੁੱਖ ਧਾਰਾ ਤੇ ਦੋਮ ਧਰਾਵਾਂ 'ਚ ਫ਼ਰਕ ਕੀਤਾ। ਲੋਕਾਂ ਦੀ ਮੁੱਖਧਾਰਾ 'ਚ ਬੁਨਿਆਦੀ ਲਕੀਰ ਖਿੱਚ ਕੇ ਰੱਖੀ, ਕਿਉਂਕਿ ਹਾਕਮ ਸਦਾ ਲੋਕਾਂ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਸਜ਼ਾਵਾਂ ਤਹਿ ਕਰਦੇ ਹਨ। ਉਹ ਆਪਣੀ ਮੁੱਖ ਧਾਰਾ ਨੂੰ ਵਧਾਉਂਦੇ ਹੋਏ ਆਪਣੀਆਂ ਦੋਮ ਦਰਜੇ ਦੀਆਂ ਸੁਧਾਰਵਾਦੀ ਧਾਰਾਵਾਂ ਨੂੰ ਮੁੱਖ ਬਣਾ ਕੇ ਪੇਸ਼ ਕਰਦੇ ਹਨ। ਭਾ ਜੀ ਨੇ ਹਾਕਮਾਂ ਦੀ ਮੁੱਖ ਧਾਰਾ ਨੂੰ ਸਿਰਫ਼ ਨਕਾਰਿਆ ਹੀ ਨਹੀਂ, ਸਗੋਂ ਉਸ ਦਾ ਪਰਦਾਫਾਸ਼ ਕੀਤਾ ਹੈ ਅਤੇ ਕਈ ਸੁਧਾਰਵਾਦੀ ਪੱਖਾਂ ਨੂੰ ਦਾਅ-ਪੇਚ ਵਜੋਂ ਵਰਤਿਆ ਹੈ। ਖਾਲਿਸਤਾਨੀ ਦੌਰ 'ਚ ਭਾ ਜੀ ਨੇ ਦੂਰਦਰਸ਼ਨ ਨੂੰ

ਵਰਤਦਿਆਂ ਭਾਈ ਮੰਨਾ ਸਿੰਘ ਵਜੋਂ ਲੋਕਾਂ 'ਚ ਮਕਬੂਲ ਹੋਏ, ਜਦੋਂ ਕਈਆਂ ਦੇ ਦਿਮਾਗ਼ਾਂ 'ਚ ਸੀ ਕਿ ਇਹ ਤਾਂ ਹੁਣ ਗਏ, ਪਰ ਭਾ ਜੀ ਪਹਿਲਾਂ ਨਾਲੋਂ ਮਜਬੂਤ ਹੋ ਕੇ ਨਿਕਲੇ। ਲੋਕਾਂ ਦੀਆਂ ਕਮਜ਼ੋਰੀਆਂ ਨੂੰ ਸਮਝਦਿਆਂ ਉਨ੍ਹਾਂ ਨੂੰ ਚੇਤਾਵਨੀ ਵਜੋਂ ਸਿੱਖਿਅਤ ਕਰਨ ਦੀ ਕੋਸ਼ਿਸ਼ ਕੀਤੀ ਕਿ ਤੁਹਾਡੀ ਮੁੱਖਧਾਰਾ ਕੀ ਹੈ ? ਜਿਵੇਂ ਭਾ ਜੀ ਨੇ ਦੇਖਿਆ ਕਿ ਲੋਕਾਂ ਨੂੰ ਤਰੱਕੀ ਦੇ ਸ਼ੋਰੋਗੁਲ 'ਚ ਫਸਾਇਆ ਜਾ ਰਿਹਾ ਹੈ ਤਾਂ ਉਨ੍ਹਾਂ ਕਿਹਾ ਕਿ ਇਹ ਤਰੱਕੀ ਸਿਰਫ਼ ਚੰਦ ਕੁ ਅਮੀਰਾਂ ਲਈ ਹੈ। ਤੁਹਾਨੂੰ ਕਿਸੇ ਵੀ ਤਰੱਕੀ ਦਾ ਫਲ ਇਨਕਲਾਬ ਬਿਨਾਂ ਨਹੀਂ ਮਿਲਦਾ। ਇਵੇਂ ਹੀ ਉਨ੍ਹਾਂ ਗਲਾਸੀ ਕਲਚਰ ਦਾ ਵਿਰੋਧ ਕੀਤਾ। ਉਨ੍ਹਾਂ ਦੀ ਇਹ ਵਿਚਾਰਧਾਰਕ ਸੋਚ ਹੀ ਸੀ ਕਿ ਉਹ ਸਿਰਫ਼ ਨਾਟਕ ਲਿਖਦੇ ਤੇ ਕਰਦੇ ਹੀ ਨਹੀਂ, ਸਗੋਂ ਉਨ੍ਹਾਂ ਸਿੱਧੇ ਰੂਪ 'ਚ ਖਾਲਿਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ, ਗਰੀਨ ਹੰਟ ਤੇ ਕਾਲੇ ਕਾਨੂੰਨਾਂ ਵਰਗੇ ਮਸਲਿਆਂ 'ਤੇ ਅਗਾਂਹਵਧੂ ਸ਼ਕਤੀਆਂ ਨਾਲ ਸੰਘਰਸ਼ਾਂ 'ਚ ਹਿੱਸਾ ਪਾਇਆ। ਗੱਲ ਕੀ ਸਭਿਆਚਾਰਕ ਕਾਰਕੁਨਾਂ ਨੂੰ ਵਿਚਾਰਧਾਰਕ ਸਿਆਸੀ ਤੇ ਲੋਕਾਂ ਦੀ ਜੱਦੋਜਹਿਦ ਦੀ ਮਹੱਤਤਾ ਨੂੰ ਮਨੀ ਵਿਸਾਉਣਾ ਹੋਵੇਗਾ। ਭਾ ਜੀ ਇਸ ਦੀ ਆਪਣੇ ਆਪ 'ਚ ਮਿਸਾਲ ਹਨ। ਉਨ੍ਹਾਂ ਆਪਣੀ ਸਿਆਸੀ ਸੂਝ ਦੇ ਆਧਾਰ 'ਤੇ ਹਾਕਮਾਂ ਵੱਲੋਂ ਵਰਤੇ ਜਾ ਰਹੇ ਕੌਮੀਅਤਾਂ ਤੇ ਧਰਤਾਂ ਦੇ ਮਸਲਿਆਂ 'ਤੇ ਉਨ੍ਹਾਂ ਦੇ ਮੌਜੂ ਉੜਾਇਆ। ਉਨ੍ਹਾਂ ਪੱਖਾਂ ਨੂੰ ਨਾਟਕਾਂ 'ਚ ਵੀ ਲੈ ਕੇ ਆਂਦਾ। ਉਨ੍ਹਾਂ ਦੀਆਂ ਵਿਚਾਰਧਾਰਕ ਸਿਆਸੀ ਪੁਜੀਸ਼ਨਾਂ 'ਤੇ ਮੱਤਭੇਦ ਹੋ ਸਕਦੇ ਹਨ, ਪਰ ਭਾ ਜੀ ਦੀ ਜ਼ਿੰਦਗੀ ਦੇ ਇਤਿਹਾਸ 'ਚੋਂ ਇਹ ਸਿੱਖਿਆ ਹਾਸਲ ਕਰਨ ਦਾ ਸਵਾਲ ਹੈ। ਜਿਸ ਆਧਾਰ 'ਤੇ ਹੀ ਉਨ੍ਹਾਂ ਦੇ ਜੀਵਨ 'ਚੋਂ ਕੁਰਬਾਨੀ ਡੁੱਲ੍ਹ-ਡੁੱਲ੍ਹ ਪੈਂਦੀ ਸੀ ਤੇ ਉਹ ਇਨਕਲਾਬੀ ਬਗ਼ਾਵਤਾਂ ਦੇ ਪੱਖੀ ਸਨ।

ਇਕ ਆਮ ਹੀ ਬਹਿਸ ਦਾ ਮਾਮਲਾ ਬਣਿਆ ਰਿਹਾ ਕਿ ਗੁਰਸ਼ਰਨ ਸਿੰਘ ਜੀ ਨੇ ਬਹੁਤ ਸਾਰੇ ਕਾਰਕੁੰਨਾਂ ਨੂੰ ਸਿੱਖਿਅਤ ਕੀਤਾ। ਇਸ 'ਚ ਬੁਨਿਆਦੀ ਗੱਲ ਇਹ ਵੀ ਹੈ ਕਿ ਉਨ੍ਹਾਂ ਦੀਆਂ ਇਹ ਭਾਵਨਾਵਾਂ ਕਦੀ ਨਹੀਂ ਬਣੀਆਂ ਕਿ ਸਿੱਖਿਆ ਹਾਸਲ ਕਰ ਰਹੇ ਕਾਰਕੁੰਨ ਮਹਾਂਰਥੀ ਬਨਣ ਜਾਂ ਸ਼ਾਸਤਰੀ ਜਾਂ 'ਕਲਾਕਾਰ' ਦਾ ਇਸ ਕਿਸਮ ਦਾ ਪੱਧਰ ਬਣੇ ਕਿ ਉਹ ਹਾਕਮਾਂ ਦੀ ਸੇਵਾ 'ਚ ਭੁਗਤਣ ਲੱਗਣ। ਉਨ੍ਹਾਂ ਦਾ ਸਿੱਖਿਆ ਪੱਧਰ ਉੱਚਾ ਚੁੱਕਣ ਦਾ ਮੰਤਵ ਸਦਾ ਇਹੋ ਰਿਹਾ ਕਿ ਉਹ ਲੋਕਾਂ ਦੀ ਸੇਵਾ ਕਰਨ। ਲੋਕਾਂ ਦੀ ਸੇਵਾ ਦਾ ਅਰਥ ਵੀ ਵਿਸ਼ਾਲ ਲੋਕਾਈ ਸੀ ਨਾ ਕਿ ਕੁਝ ਕੁ ਲੋਕ। ਜੇਕਰ ਉਨ੍ਹਾਂ ਸਿੱਖ ਇਤਿਹਾਸ ਨੂੰ ਵੀ ਨਾਟਕਾਂ 'ਚ ਵਰਤਿਆ ਤਾਂ ਉਨ੍ਹਾਂ ਦਾ ਮੰਤਵ ਇਹ ਕਦੀ ਨਹੀਂ ਬਣਿਆ ਕਿ ਸਿੱਖ ਧਰਮ ਨੂੰ ਸਥਾਪਤ ਕਰਨਾ ਹੈ। ਸਗੋਂ ਇਤਿਹਾਸ ਨੂੰ ਵਰਤਮਾਨ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਭਵਿੱਖ ਦੇ ਨੁਕਤਾ ਨਜ਼ਰ ਤੋਂ ਵਰਤੋਂ 'ਚ ਲਿਆਉਣ ਦਾ ਰਿਹਾ। ਹਾਕਮਾਂ ਦਾ ਨੁਕਤਾ ਨਜ਼ਰ ਸਦਾ ਇਹ ਹੁੰਦਾ ਹੈ ਕਿ ਗੁਜ਼ਰੇ ਜਾਂ ਵਰਤਮਾਨ ਨੂੰ ਸਥਾਪਤ ਕੀਤਾ ਜਾਵੇ ਤੇ ਉਸ ਨੂੰ ਹੀ

ਹਰਮਨ ਪਿਆਰਾ ਬਣਾਇਆ ਜਾਵੇ। ਭਾ ਜੀ ਦੇ ਨਾਟਕ 'ਕਿਵ ਕੂੜੇ ਟੁਟੇ ਪਾਲਿ' ਤੇ ਧਮਕ ਨਗਾਰੇ ਦੀ ਇਸ ਦੇ ਗੁਆਹ ਹਨ।

ਉਨ੍ਹਾਂ ਆਪਣੇ ਉਦੇਸ਼ ਜਾਂ ਮਕਸਦ ਨੂੰ ਪੂਰੀ ਅਹਿਮੀਅਤ ਦਿੱਤੀ ਪਰ ਉਨ੍ਹਾਂ ਦਾ ਵੱਧ ਵਜ਼ਨਦਾਰ ਪੱਖ ਇਹ ਰਿਹਾ ਕਿ ਕਿਰਤਾਂ ਦਾ ਲੋਕਾਂ 'ਤੇ ਪ੍ਰਭਾਵ ਕੀ ਪੈ ਰਿਹਾ ਹੈ। ਭਾਵ ਇਨਕਲਾਬੀ ਅਭਿਆਸ ਇਸ ਨੂੰ ਕੀ ਫਤਵਾ ਦਿੰਦਾ ਹੈ, ਕਿਉਂਕਿ ਉਹ ਸਮਝਦੇ ਸਨ ਕਿ ਇਨਕਲਾਬ ਲਈ ਲੋਕਾਂ ਦੇ ਰੁਖ਼ ਨੂੰ ਮੋੜ ਦੇਣ ਦੇ ਮਕਸਦ 'ਤੇ ਦ੍ਰਿੜ੍ਹ ਰਹਿਣਾ ਚਾਹੀਦਾ ਹੈ ਪਰ ਲੋਕਾਂ ਨੂੰ ਮੱਲੋਮੱਲੀ ਵਧੀਆ ਤੋਂ ਵਧੀਆ ਮਕਸਦ 'ਤੇ ਨਹੀਂ ਲਿਆਂਦਾ ਜਾ ਸਕਦਾ, ਇਸ ਲਈ ਉਨ੍ਹਾਂ ਲੰਬੀ ਘਾਲਣਾ ਘਾਲੀ।

ਭਾ ਜੀ ਦੀ ਇਹ ਬਹੁਤ ਵੱਡੀ ਮਹਾਨਤਾ ਹੈ ਕਿ ਉਨ੍ਹਾਂ ਇਨਕਲਾਬ ਰੰਗਮੰਚ ਨੂੰ ਵਪਾਰਕ ਕੇਂਦਰ ਨਹੀਂ ਬਨਣ ਦਿੱਤਾ, ਸਗੋਂ ਜੋ ਵੀ ਪੈਸਾ ਦੇਸ਼ਾਂ-ਵਿਦੇਸ਼ਾਂ ਤੋਂ ਵੀ ਇਕੱਠਾ ਹੁੰਦਾ ਸੀ, ਉਸ ਨੂੰ ਲੋਕਾਂ ਦੇ ਕਾਰਜ 'ਤੇ ਹੀ ਲਾਇਆ। ਇਸ ਤੋਂ ਵੀ ਵੱਧ ਉਨ੍ਹਾਂ ਲੰਬਾ ਸਮਾਂ ਕੁਲਵਕਤੀ ਕਲਾਕਾਰ ਵਜੋਂ ਕੰਮ ਕੀਤਾ। ਅੱਜ ਲਹਿਰ ਨੂੰ ਅੱਗੇ ਵੰਧਾਉਣ ਲਈ ਹਜ਼ਾਰਾਂ ਕਮਿਊਨਿਸਟ ਇਨਕਲਾਬੀ ਕੁਲਵਕਤੀ ਸਭਿਆਚਾਰਕ ਕਾਰਕੁੰਨਾਂ ਤੇ ਆਗੂਆਂ ਦੀ ਲੋੜ ਹੈ।